ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਬਠਿੰਡਾ

ਵੱਲ,

ਸਮੂਹ ਸਕੂਲ ਮੁਖੀ,
ਸਸਸਸ/ਸਹਸ,
ਜਿਲ੍ਹਾ ਬਠਿੰਡਾ

ਪੱਤਰ ਨੰ: ਜਿ:ਗਾ:ਕੌਅ: ( ) 2018/955
ਮਿਤੀ: 05-11-2018

ਵਿਸ਼ਾ: ਕੈਰੀਅਰ ਕਾਊਸਲਿੰਗ ਕਲੰਡਰ ਨਵੰਬਰ 2018 ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮੁੱਖ ਦਫਤਰ ਵਲੋ ਕੈਰੀਅਰ ਕਾਊਸਲਿੰਗ ਸਬੰਧੀ ਗਤੀਵਿਧੀਆਂ ਸਕੂਲਾਂ ਵਿਚ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਨਵੰਬਰ ਮਹੀਨੇ ਦਾ ਕੈਲੰਡਰ ਪ੍ਰਾਪਤ ਹੋਇਆ ਹੈ। ਸੋ ਇਸ ਅਨੁਸਾਰ ਗਤੀਵਿਧੀਆਂ ਕਰਵਾਉਣ ਉਪਰੰਤ ਮਹੀਨਾ ਵਾਰ ਰਿਪੋਰਟ ਇਸ ਦਫਤਰ ਦੇ ਕਮਰਾ ਨੰ:445 ਵਿਚ ਭੇਜੀ ਜਾਵੇ। ਇਸ ਕੈਲੰਡਰ ਦੀਆਂ ਦੋ ਕਾਪੀਆਂ ਕੱਢੀਆਂ ਜਾਣ। ਇੱਕ ਕਾਪੀ ਕੈਰੀਅਰ ਅਧਿਆਪਕ ਪਾਸ ਅਤੇ ਇੱਕ ਕਾਪੀ ਸਕੂਲ ਮੁਖੀ ਦੇ ਟੇਬਲ ਤੇ ਹੋਵੇ। ਸਕੂਲ ਮੁਖੀ ਦੁਆਰਾ ਗਤੀਵਿਧੀਆਂ ਨੂੰ ਕਰਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਬੱਚਿਆਂ ਨੂੰ ਕੈਰੀਅਰ ਸਬੰਧੀ ਜਾਣਕਾਰੀ ਦਿੱਤੀ ਜਾਵੇ।

Baljinder Singh

ਜਿਲ੍ਹਾ ਗਾਈਡੈਂਸ ਕੌਂਸਲਰ
ਬਠਿੰਡਾ

# ਨਵੰਬਰ 2018

1. 9ਵੀਂ ਜਮਾਤ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸਕੂਲ ਪੱਧਰ ਤੇ ਭਾਸ਼ਾਵਾਂ ਵਿੱਚ ਕਰਿਅਰ ਸਬੰਧੀ ਰੁਜ਼ਗਾਰ ਦੇ ਮੌਕੇ ਅਤੇ ਉਸ ਦੀ ਮਹੱਤਤਾ ਬਾਰੇ ਮਿਤੀ 5/11/2018 ਤੋਂ 09/11/2018 ਸੈਮੀਨਾਰ ਅਤੇ ਲੇਖ ਮੁਕਾਬਲੇ ਕਰਵਾਏ ਜਾਣਗੇ । ਇਸ ਦੌਰਾਨ ਟਰਾਂਸਲੇਸ਼ਨ, ਪਰੂਫ ਰੀਡਿੰਗ ਅਤੇ ਅਨਾਊਂਸਰ ਬਣਨ ਸਬੰਧੀ ਵਿਸ਼ੇਸ਼ ਤੌਰ ਤੇ ਜਾਣਕਾਰੀ ਮੁਹਇਆ ਕਰਵਾਈ ਜਾਵੇਗੀ ।

2. 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸੋਫਟ ਸਕਿੱਲ ਅਤੇ ਪ੍ਰਸਨੈਲਿਟੀ ਡਿਵੈਲਪਮੈਂਟ ਸਬੰਧੀ ਸਕੂਲ ਪੱਧਰੀ ਸੈਮੀਨਾਰ ਕਰਵਾਇਆ ਜਾਵੇਗਾ ।

3. ਮੈਡੀਕਲ, ਪੈਰਾ ਮੈਡੀਕਲ (ਨਰਸਿੰਗ, ਫਾਰਮੇਸੀ, ਲੈਬ ਟੈਕਨੀਸ਼ੀਅਨ ਅਤੇ ਮੈਡੀਕਲ ਟਰਾਂਸਕ੍ਰਿਪਸ਼ਨ) ਸਬੰਧੀ ਵਿਸ਼ੇਸ਼ ਜਾਣਕਾਰੀ ਸਵੇਰ ਦੀ ਸਭਾ ਵਿੱਚ ਸੈਮੀਨਾਰ ਕਰਵਾਕੇ ਦਿੱਤੀ ਜਾਵੇਗੀ ।

ਨੋਟ : ਇਸ ਮਹੀਨੇ ਵਿੱਚ ਮਾਸ ਕਾਊਂਸਲਿੰਗ ਨਿਰੰਤਰ, ਨਿਰਧਾਰਿਤ ਮਿਤੀਆਂ ਤੇ ਚੱਲਦੀ ਰਹੇਗੀ ।